Barbra Schlifer Commemorative Clinic
Freedom From Violence.

# ਸਹਾਇਤਾ ਲਈ ਰਾਹ

## ਕੰਮ ਦੇ ਸਥਾਨ ਵਿਖੇ ਜਿਨਸੀ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਦੇ ਸਰਵਾਈਵਰਾਂ ਲਈ ਸਹਾਇਤਾ ਦੇ ਕਾਨੂੰਨੀ ਤਰੀਕੇ

### 1 ਹਿਊਮਨ ਰਾਈਟਸ ਟ੍ਰਿਬਿਊਨਲ ਔਫ ਓਨਟੈਰੀਓ (HRTO)

ਜੇਕਰ ਤੁਸੀਂ ਕੰਮ ਵਾਲੀ ਥਾਂ ਵਿਖੇ ਪਰੇਸ਼ਾਨ ਕੀਤੇ ਜਾਣ ਜਾਂ ਭੇਦਭਾਵ ਦਾ ਅਨੁਭਵ ਕੀਤਾ ਹੈ ਤਾਂ ਤੁਸੀਂ HRTO ਕੋਲ ਮਨੁੱਖੀ ਅਧਿਕਾਰਾਂ ਦਾ ਦਾਅਵਾ ਫਾਇਲ ਕਰ ਸਕਦੇ ਹੋ।

ਹੋਰ ਜਾਣਕਾਰੀ: https://tribunalsontario.ca/hrto/

ਹਿਊਮਨ ਰਾਇਟਸ ਲੀਗਲ ਸਪੋਰਟ ਸੈਂਟਰ ਤੁਹਾਨੂੰ ਮੁਫਤ ਕਾਨੂੰਨੀ ਸਲਾਹ ਪ੍ਰਦਾਨ ਕਰਦਾ ਹੈ ਅਤੇ ਮਨੁੱਖੀ ਅਧਿਕਾਰਾਂ ਦੀਆਂ ਅਰਜ਼ੀਆਂ ਫਾਇਲ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ।

ਹੋਰ ਜਾਣਕਾਰੀ: http://www.hrlsc.on.ca/en/welcome

### 2 ਸਮਾਲ ਕਲੇਮਜ਼ ਕੋਰਟ

ਜੇਕਰ ਤੁਹਾਨੂੰ ਜਿਨਸੀ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਦੇ ਕਾਰਨ ਵਿੱਤੀ ਜਾਂ ਭਾਵਨਾਤਮਕ ਨੁਕਸਾਨ, ਜਾਂ ਪ੍ਰਤਿਸ਼ਠਾ ਦਾ ਨੁਕਸਾਨ ਪਹੁੰਚਦਾ ਹੈ, ਤਾਂ ਤੁਸੀਂ ਸਿਵਲ ਕੇਸ ਸ਼ੁਰੂ ਕਰ ਸਕਦੇ ਹੋ, ਅਤੇ ਸਮਾਲ ਕਲੇਮਜ਼ ਕੋਰਟ ਵਿੱਚ ਉਸ ਵਿਅਕਤੀ ਜਾਂ ਕਾਰੋਬਾਰ 'ਤੇ ਮੁਕੱਦਮਾ ਕਰ ਸਕਦੇ ਹੋ। ਤੁਸੀਂ ਸਮਾਲ ਕਲੇਮਜ਼ ਕੋਰਟ ਸਬਮਿਸ਼ਨਜ਼ ਔਨਲਾਈਨ ਪੋਰਟਲ ਦੀ ਵਰਤੋਂ ਕਰਕੇ ਔਨਲਾਈਨ ਦਸਤਾਵੇਜ਼ ਫਾਈਲ ਕਰ ਸਕਦੇ ਹੋ।

ਔਨਲਾਈਨ ਰਿਪੋਰਟ ਫਾਇਲ ਕਰਨਾ: https://www.ontario.ca/page/file-smallclaims-court-documents-online#section-3

ਈਮੇਲ: ServiceOntarioAccount@ontario.ca
ਫੋਨ: 1-888-745-8888

ਹੋਰ ਜਾਣਕਾਰੀ: https://www.ontario.ca/page/suingsomeone-small-claims-court

### 3 ਕੈਨੇਡਾ ਦੀ ਸੁਪਰੀਮ ਕੋਰਟ

ਕੈਨੇਡਾ ਦੀ ਸੁਪਰੀਮ ਕੋਰਟ ਸਿਰਫ਼ ਉਨ੍ਹਾਂ ਮਾਮਲਿਆਂ ਦੀ ਸੁਣਵਾਈ ਕਰਦੀ ਹੈ ਜਿਨ੍ਹਾਂ ਨੂੰ ਉਹ ਜਨਤਕ ਮਹੱਤਵ ਦਾ ਅਤੇ ਰਾਸ਼ਟਰੀ ਮਹੱਤਵ ਵਾਲਾ ਸਮਝਦੀ ਹੈ।

ਕੇਸ ਦੇ ਕੈਨੇਡਾ ਦੀ ਸੁਪਰੀਮ ਕੋਰਟ ਤੱਕ ਪਹੁੰਚ ਤੋਂ ਪਹਿਲਾਂ, ਉਸ ਨੇ ਅਦਾਲਤ ਦੇ ਦੂਜੇ ਪੱਧਰਾਂ 'ਤੇ ਸਾਰੀਆਂ ਉਪਲਬਧ ਅਪੀਲਾਂ ਦੀ ਵਰਤੋਂ ਕੀਤਾ ਗਿਆ ਹੋਣਾ ਜ਼ਰੂਰੀ ਹੈ। ਫਿਰ ਅਦਾਲਤ ਦੇ ਤਿੰਨ ਮੈਂਬਰਾਂ ਦੁਆਰਾ ਸਮੀਖਿਆ ਕਰਨ ਲਈ ਲੀਵ ਐਪਲੀਕੇਸ਼ਨ ਜਮ੍ਹਾਂ ਕਰੋ, ਅਤੇ ਸਮੀਖਿਆ ਦੇ ਨਤੀਜੇ ਦੀ ਉਡੀਕ ਕਰੋ।

### 4 ਇਨਕਾਰ ਕਰਨ/ਸੁਰੱਖਿਆ ਦਾ ਅਧਿਕਾਰ

ਇੱਕ ਕਰਮਚਾਰੀ ਕੰਮ ਕਰਨ ਜਾਂ ਅਜਿਹੇ ਕੰਮ ਨੂੰ ਕਰਨ ਤੋਂ ਇਨਕਾਰ ਕਰ ਸਕਦਾ ਹੈ ਜਿੱਥੇ ਉਸ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਕੰਮ ਵਾਲੀ ਥਾਂ ਦੀ ਭੌਤਿਕ ਸਥਿਤੀ ਜਾਂ ਉਹ ਹਿੱਸਾ ਜਿਸ ਵਿੱਚ ਉਹ ਕੰਮ ਕਰਦਾ ਹੈ ਉਹਨਾਂ ਨੂੰ ਖਤਰੇ ਵਿੱਚ ਪਾ ਸਕਦਾ ਹੈ। ਅਤੇ ਸਥਿਤੀ ਦੀ ਰਿਪੋਰਟ ਰੋਜ਼ਗਾਰਦਾਤਾ ਜਾਂ ਸੁਪਰਵਾਈਜ਼ਰ ਨੂੰ ਕਰ ਸਕਦਾ ਹੈ।

ਰੋਜ਼ਗਾਰਦਾਤਾ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਜਿੱਥੇ ਉਚਿਤ ਹੋਵੇ ਕੰਮ ਵਾਲੀ ਥਾਂ ਵਿਖੇ ਪਰੇਸ਼ਾਨ ਕੀਤੇ ਜਾਣ ਦੀਆਂ ਘਟਨਾਵਾਂ ਅਤੇ ਸ਼ਿਕਾਇਤਾਂ ਦੀ ਜਾਂਚ ਕੀਤੀ ਜਾਂਦੀ ਹੈ। ਅਤੇ ਪੀੜਤ ਨੂੰ ਜਾਂਚ ਦੇ ਨਤੀਜਿਆਂ ਅਤੇ ਕੀਤੀ ਜਾਣ ਵਾਲੀ ਕਿਸੇ ਵੀ ਲੋੜੀਂਦੀ ਸੁਧਾਰਾਤਮਕ ਕਾਰਵਾਈ ਬਾਰੇ ਸੂਚਿਤ ਕਰਨ ਦੀ।

### 5 ਲੇਬਰ ਮੰਤਰਾਲਾ [ਔਕੂਪੇਸ਼ਨਲ ਹੈਲਥ ਐਂਡ ਸੇਫਟੀ ਐਕਟ]

ਮੰਤਰਾਲੇ ਕੋਲ ਕੰਮ ਵਾਲੀ ਥਾਂ ਵਿਖੇ ਜਿਨਸੀ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਬਾਰੇ ਸ਼ਿਕਾਇਤ ਦਰਜ ਕਰਨ ਤੋਂ ਪਹਿਲਾਂ, ਤੁਸੀਂ ਆਪਣੇ ਰੋਜ਼ਗਾਰਦਾਤਾ ਜਾਂ ਸੁਪਰਵਾਈਜ਼ਰ ਨੂੰ ਜਿਨਸੀ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਦੀ ਰਿਪੋਰਟ ਕਰ ਸਕਦੇ ਹੋ; ਜਾਂ ਆਪਣੀ ਚਿੰਤਾ ਬਾਰੇ ਸੰਯੁਕਤ ਸਿਹਤ ਅਤੇ ਸੁਰੱਖਿਆ ਕਮੇਟੀ ਜਾਂ ਸਿਹਤ ਅਤੇ ਸੁਰੱਖਿਆ ਪ੍ਰਤੀਨਿਧੀ ਨਾਲ ਸਲਾਹ ਕਰ ਸਕਦੇ ਹੋ। ਕਿਸੇ ਵੀ ਤਰੀਕੇ ਨਾਲ, OHSA ਦੇ ਤਹਿਤ, ਉਹਨਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਕੰਮ 'ਤੇ ਸੁਰੱਖਿਅਤ ਹੋ ਅਤੇ ਜਾਂਚ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਆਪਣੀਆਂ ਚਿੰਤਾਵਾਂ ਨੂੰ ਕੰਪਨੀ ਕੋਲ ਉਠਾਉਣ ਵਿੱਚ ਅਸਮਰੱਥ ਹੋ, ਤਾਂ ਵੀ ਤੁਸੀਂ ਮੰਤਰਾਲੇ ਕੋਲ ਸ਼ਿਕਾਇਤ ਦਰਜ ਕਰ ਸਕਦੇ ਹੋ।

ਔਨਲਾਈਨ: https://www.ontario.ca/page/filing-workplace-healthand-safety-complaint

ਫੋਨ: 1-877-202-0008 (TTY: 1-855-653-9260)

ਐਮਰਜੈਂਸੀ ਦੀ ਸੂਰਤ ਵਿੱਚ 911 ਨੂੰ ਕਾਲ ਕਰੋ

### 6 ਏਮਪਲੌਏਮੈਂਟ ਸਟੈਂਡਰਡਜ਼ ਐਕਟ

ਘਰੇਲੂ ਜਾਂ ਜਿਨਸੀ ਹਿੰਸਾ ਦੀ ਛੁੱਟੀ ਲੈਣ ਵਾਲੇ ਕਰਮਚਾਰੀ ਉਹਨਾਂ ਕਰਮਚਾਰੀਆਂ ਦੇ ਬਰਾਬਰ ਅਧਿਕਾਰਾਂ ਦੇ ਹੱਕਦਾਰ ਹਨ ਜੋ ਗਰਭ ਅਵਸਥਾ ਲਈ ਜਾਂ ਪੈਤ੍ਰਿਕ (parental) ਛੁੱਟੀ ਲੈਂਦੇ ਹਨ। ਉਦਾਹਰਨ ਲਈ, ਰੋਜ਼ਗਾਰਦਾਤਾ ਘਰੇਲੂ ਜਾਂ ਜਿਨਸੀ ਹਿੰਸਾ ਦੀ ਛੁੱਟੀ ਲੈਣ, ਲੈਣ ਦੀ ਯੋਜਨਾ ਬਣਾਉਣ, ਉਸ ਲਈ ਯੋਗ ਹੋਣ ਜਾਂ ਉਸ ਲਈ ਯੋਗ ਹੋਣ ਦੀ ਸਥਿਤੀ ਵਿੱਚ ਹੋਣ ਲਈ ਕਿਸੇ ਕਰਮਚਾਰੀ ਨੂੰ ਧਮਕੀ ਨਹੀਂ ਦੇ ਸਕਦਾ, ਬਰਖਾਸਤ ਨਹੀਂ ਕਰ ਸਕਦਾ ਜਾਂ ਕਿਸੇ ਹੋਰ ਤਰੀਕੇ ਨਾਲ ਸਜ਼ਾ ਨਹੀਂ ਦੇ ਸਕਦਾ।

### 7 ਓਨਟੈਰੀਓ ਪ੍ਰੋਵਿੰਸ਼ੀਅਲ ਪੁਲਿਸ ਨੂੰ ਰਿਪੋਰਟ ਫਾਇਲ ਕਰਨਾ

ਵਧੇਰੇ ਗੰਭੀਰ ਮਾਮਲਿਆਂ ਵਿੱਚ, ਜਿਨਸੀ ਤੌਰ 'ਤੇ ਪਰੇਸ਼ਾਨ ਕੀਤੇ ਜਾਣਾ ਮੂਲ ਰੂਪ ਵਿੱਚ ਅਪਰਾਧਿਕ ਹੋਵੇਗਾ। ਇਹ ਉਹ ਮਾਮਲਾ ਹੋਵੇਗਾ ਜਿੱਥੇ ਪਰੇਸ਼ਾਨ ਕੀਤੇ ਜਾਣ ਵਿੱਚ ਜਿਨਸੀ ਹਮਲੇ, ਜਾਂ ਹਮਲੇ ਦੀਆਂ ਧਮਕੀਆਂ ਸਮੇਤ, ਕੋਸ਼ਿਸ਼ ਕੀਤਾ ਗਿਆ ਜਾਂ ਅਸਲ ਸਰੀਰਕ ਹਮਲਾ ਸ਼ਾਮਲ ਹੁੰਦਾ ਹੈ।

ਜੇਕਰ ਜਿਨਸੀ ਹਮਲਾ ਹੁਣੇ ਹੋਇਆ ਹੈ, ਜਾਂ ਤੁਸੀਂ ਫੌਰੀ ਖ਼ਤਰੇ ਵਿੱਚ ਹੋ, ਤਾਂ 911 'ਤੇ ਕਾਲ ਕਰੋ।

OPP ਔਨਲਾਈਨ ਰਿਪੋਰਟਿੰਗ ਸਿਸਟਮ ਤੁਹਾਨੂੰ ਤੁਹਾਡੇ ਕੰਪਿਊਟਰ ਜਾਂ ਮੋਬਾਈਲ ਡਿਵਾਈਸ ਤੋਂ ਰਿਪੋਰਟ ਦਰਜ ਕਰਨ ਦੀ ਇਜਾਜ਼ਤ ਦਿੰਦਾ ਹੈ। ਤੁਹਾਡੇ ਸਬਮਿਸ਼ਨ ਭੇਜਣ ਤੋਂ ਬਾਅਦ, ਹੋਰ ਜਾਣਕਾਰੀ ਪ੍ਰਦਾਨ ਕਰਨ ਲਈ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਔਨਲਾਈਨ ਰਿਪੋਰਟ ਕਰੋ: https://www.opp.ca/index.php?id=132
ਫੋਨ: 1-888-310-1122
ਹੋਰ ਜਾਣਕਾਰੀ: https://www.opp.ca

Canada
Department of Justice Canada
Ministère de la Justice Canada